**ਪੰਜਾਬੀ (004)**

**X (ਦਸਵੀਂ)**

# ਉੱਤਰ-ਕੁੰਜੀ: ਅਭਿਆਸ ਪ੍ਰਸ਼ਨ-ਪੱਤਰ 2021-22

# (ਟਰਮ II)

**Time Allowed: 2 hours** **Maximum Marks: 40**

**ਸਮਾਂ: 2 ਘੰਟੇ** **ਕੁਲ ਅੰਕ: 40**

## ਭਾਗ ਪਹਿਲਾ: ਵਿਆਕਰਨ (Part A : Grammar) 4+6=10

### ਅਗੇਤਰ-ਪਿਛੇਤਰ

**1. ਪੁੱਛੇ ਗਏ ਅਨੁਸਾਰ ਹੱਲ ਕਰੋ:**

(i). ਹੇਠ ਲਿਖਿਆਂ ਵਿੱਚੋਂ ਕਿਸੇ ਦੋ ਅਗੇਤਰ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਉਪ: ਉਪਰਾਸ਼ਟਰਪਤੀ, ਉਪਨਾਮ

ਕਮ:- ਕਮਜ਼ੋਰ, ਕਮਅਕਲ

ਦੁਰ:- ਦੁਰਘਟਨਾ, ਦੁਰਦਸ਼ਾ

ਪਿਛੇਤਰ

ਆਹਟ:- ਘਬਰਾਹਟ, ਮੁਸਕਰਾਹਟ

ਸ਼ਾਰ:- ਮਿਲਣਸਾਰ, ਸਵੇਰਸਾਰ

ਖੋਰ:- ਚੁਗਲਖੋਰ, ਆਦਮਖੋਰ 2+2=4

2. ਹੇਠ ਲਿਖਿਆਂ ਵਿੱਚੋਂ ਕਿਸੇ ਛੇ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿਚ ਵਰਤੋ ਕਿ ਅਰਥ ਸੱਪਸ਼ਟ ਹੋ ਜਾਣ:

(ੳ):- ਚਰਨ ਧੋ ਕੇ ਪੀਣੇ:- ਆਪਣੇ ਮਾਤਾ-ਪਿਤਾ ਦੇ ਚਰਨ ਧੋ ਕੇ ਪੀਣੇ ਚਾਹੀਦੇ ਹਨ।

(ਅ):- ਚਾਦਰ ਵੇਖ ਕੇ ਪੈਰ ਪਸਾਰਨੇ:- ਸਭ ਨੂੰ ਆਪਣੀ ਚਾਦਰ ਵੇਖ ਕੇ ਪੈਰ ਪਸਾਰਨੇ ਚਾਹੀਦੇ ਹਨ।

(ੲ):- ਛਾਪਾ ਮਾਰਨਾ:- ਕਲ ਪੁਲਿਸ ਨੇ ਗੈਰ-ਕਾਨੂਨੀ ਕਾਰਖਾਨੇ 'ਤੇ ਛਾਪਾ ਮਾਰਿਆ।

(ਸ):- ਛਾਤੀ 'ਤੇ ਮੂੰਗ ਦਲਣਾ:- ਮੇਰਾ ਗੁਆਂਡੀ ਹਰ ਵੇਲੇ ਮੇਰੀ ਛਾਤੀ 'ਤੇ ਮੂੰਗ ਦਲਦਾ ਰਹਿੰਦਾ ਹੈ।

(ਹ):- ਜ਼ਖਮਾਂ 'ਤੇ ਲੂਣ ਛਿੜਕਣਾ:- ਰਵੀ ਹਰ ਵੇਲੇ ਮੇਰੇ ਜ਼ਖ਼ਮਾਂ 'ਤੇ ਲੂਣ ਛਿੜਕਦਾ ਰਹਿੰਦਾ ਹੈ।

(ਕ):- ਜਾਨ ਤਲੀ 'ਤੇ ਧਰਨਾ:- ਬਹਾਦਰ ਸਿਪਾਹੀ ਹਰ ਵੇਲੇ ਜਾਨ ਤਲੀ 'ਤੇ ਧਰ ਕਰਕੇ ਰਣਭੂਮੀ ਵਿਚ ਲੜਦੇ ਹਨ।

(ਖ):- ਝੁੱਗਾ ਫੂਕ ਤਮਾਸ਼ਾ ਵੇਖਣਾ:- ਆਮਦਨ ਨਾਲੋਂ ਵੱਧ ਖਰਚ ਕਰਨਾ ਝੱਗਾ ਫੂਕ ਤਮਾਸ਼ਾ ਵੇਖਣ ਦੇ ਸਮਾਨ ਹੈ।

(ਗ):- ਝਾੜੂ ਫੇਰਨਾ:- ਚੋਰਾਂ ਨੇ ਸ਼ਾਮ ਦੇ ਘਰ ਤਾਂ ਸਾਰੇ ਸਮਾਨ ਦਾ ਝਾੜੂ ਹੀ ਫੇਰ ਦਿੱਤਾ। 1X6=6

**ਨੋਟ:- ਵਿਦਿਆਰਥੀ ਆਪਣੀ ਸਮਝ ਅਨੁਸਾਰ ਇਸ ਤੋਂ ਇਲਾਵਾ ਹੋਰ ਵੀ ਵਾਕ ਬਣਾ ਸਕਦੇ ਹਨ।**

## ਭਾਗ ਦੂਜਾ: ਪ੍ਰਭਾਵਸ਼ਾਲੀ ਲਿਖਣ-ਕੌਸ਼ਲ (Part B: Writing Skill) 8+7=15

3. ਹੇਠ ਲਿਖਿਆ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ 200 ਸ਼ਬਦਾਂ ਵਿਚ ਲੇਖ ਲਿਖੋ: 8X1=8

ਨੋਟ: ਵਿਦਿਆਰਥੀ ਆਪਣੀ ਸਮਝ ਅਨੁਸਾਰ ਲੇਖ ਲਿਖਣਗੇ ਅਤੇ ਅੰਕਾਂ ਦੀ ਵੰਡ ਇਸ ਪ੍ਰਕਾਰ ਹੋਵੇਗੀ:-

| | | |
|---|---|---|
| ਭੂਮਿਕਾ | : | 1 ਅੰਕ |
| ਪੇਸ਼ਕਾਰੀ | : | 2 ਅੰਕ |
| ਵਿਸ਼ੇ ਦਾ ਗਿਆਨ | : | 3 ਅੰਕ |
| ਸ਼ਬਦ-ਚੋਣ | : | 1 ਅੰਕ |
| ਸ਼ਬਦ-ਜੋੜ | : | 1 ਅੰਕ |

4. ਨੋਟ: ਵਿਦਿਆਰਥੀ ਆਪਣੀ ਸਮਝ ਅਨੁਸਾਰ ਪੱਤਰ ਲਿਖਣਗੇ ਅਤੇ ਅੰਕਾਂ ਦੀ ਵੰਡ ਇਸ ਪ੍ਰਕਾਰ ਹੋਵੇਗੀ:-

| | | |
|---|---|---|
| ਅਰੰਭਲਾ ਭਾਗ | : | 2 ਅੰਕ |
| ਵਿਚਕਾਰਲਾ ਭਾਗ | : | 4 ਅੰਕ |
| ਅੰਤਲਾ ਭਾਗ | : | 1 ਅੰਕ |

7X1=7

## ਭਾਗ ਤੀਜਾ: ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ

**(Part-C: Text Books based questions) 3+4+4+4=15**

**ਕਵਿਤਾਵਾਂ ਵਿੱਚੋਂ:**

**(ਪ੍ਰਸ਼ਨ ਨੰਬਰ 5 ਤੋਂ 8 ਤੱਕ ਵਿੱਚੋਂ ਕਿਸੇ ਤਿੰਨ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿਚ ਦਿਓ)**

5. 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਬਾਣੀ ਦੇ ਰਚਨਹਾਰ ਗੁਰੂ ਅਰਜਨ ਦੇਵ ਹਨ।

6. 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਬਾਣੀ ਵਿਚ ਗੁਰੂ ਜੀ ਅਨੁਸਾਰ ਮਾਤਾ/ਪਿਤਾ/ਬੰਧੁਪ/ਭ੍ਰਾਤਾ ਪਰਮਾਤਮਾ ਹਨ।

7. 'ਸਤਿਗੁਰ ਨਾਨਕ ਪ੍ਰਗਟਿਆ' ਰਚਨਾ ਅਨੁਸਾਰ ਅਗਿਆਨਤਾ ਦੇ ਹਨੇਰੇ ਨੂੰ ਦੂਰ ਹੋਣ ਬਾਰੇ ਗੱਲ ਕੀਤੀ ਗਈ ਹੈ।

8. 'ਸਤਿਗੁਰ ਨਾਨਕ ਪ੍ਰਗਟਿਆ' ਰਚਨਾ ਅਨੁਸਾਰ ਗੁਰੂ ਨਾਨਕ ਦੇਵ ਜੀ ਕਲਜੁਗ ਵਿਚ ਪ੍ਰਗਟ ਹੋਏ। 1X3=3

**ਕਹਾਣੀ ਤੇ ਵਾਰਤਕ ਵਿੱਚੋਂ:**

**(ਪ੍ਰਸ਼ਨ ਨੰਬਰ 9 ਤੋਂ 11 ਤੱਕ ਵਿੱਚੋਂ ਦੋ ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿਚ ਦਿਓ)**

9. ਕਰਤਾਰ ਸਿੰਘ ਨਸ਼ਿਆਂ ਦਾ ਆਦੀ ਸੀ। ਉਹ ਹਰ ਤਰ੍ਹਾਂ ਦਾ ਨਸ਼ਾ ਕਰਦਾ ਸੀ। ਉਹ ਸ਼ਰਾਬ, ਅਫ਼ੀਮ ਅਤੇ ਹੋਰ ਕਈ ਤਰ੍ਹਾਂ ਦੇ ਨਸ਼ੇ ਦੀਆਂ ਦਵਾਈਆਂ ਖਾਂਦਾ ਸੀ। ਇਹ ਸਾਰਾ ਕੁਝ ਉਸਦੀ ਛੋਟੀ ਉਮਰੇ ਹੀ ਦੁਨੀਆਂ ਤੋਂ ਤੁਰ ਜਾਣ ਦਾ ਕਾਰਨ ਸੀ।

10. ਸਿੱਖ ਧਰਮ ਵਿਚ ਅਰਦਾਸ ਦਾ ਇਕ ਖਾਸ ਮਹੱਤਵ ਹੈ। ਔਖੀ ਘੜੀ ਵੇਲੇ ਅਰਦਾਸ ਕੀਤੀ ਜਾਂਦੀ ਹੈ। ਸਿੱਖ ਧਰਮ ਵਿਚ ਹਰ ਸੰਸਾਰਕ ਮੌਕੇ ਜਿਵੇਂ ਜਨਮ, ਵਿਆਹ ਤੇ ਮੌਤ ਆਦਿ ਵੇਲੇ ਅਰਦਾਸ ਕੀਤੀ ਜਾਂਦੀ ਹੈ, ਤਾਕਿ ਕਾਰਜ ਅਸਾਨੀ ਨਾਲ ਨੇਪਰੇ ਚੜ੍ਹ ਸਕੇ, ਖੁਸ਼ੀਆਂ ਵੱਧਦੀਆਂ ਰਹਿਣ, ਭਾਣਾ ਮੰਨਣ ਦੀ ਸਮਰਥਤਾ ਮਿਲੇ। ਕੁਲ ਮਿਲਾਕੇ ਪਰਮਾਤਮਾ ਨੂੰ ਸਦਾ ਆਪਣੇ ਅੰਗ-ਸੰਗ ਮਹਿਸੂਸ ਕੀਤਾ ਜਾ ਸਕੇ।

11. ਬਾਬੇ ਪੁੰਨੂੰ ਨੇ ਭਲਵਾਨ ਨਾਲ ਅਰੰਭ ਹੱਥ ਕਰਨ ਮਗਰੋਂ ਉਸਦੀ ਠੋਡੀ ਥੱਲੇ ਕੂਹਣੀ ਦਾ ਦਾਅ ਲਾਕੇ ਅਜਿਹਾ ਚੁੱਕਿਆ ਕਿ ਉਸਦੇ ਧਰਤੀ ਤੋਂ ਪੈਰ ਉੱਖੜ ਗਏ। ਭਲਵਾਨ ਦਾ ਸਾਰਾ ਭਾਰ ਠੋਡੀ ਤੇ ਗਰਦਨ ਉੱਪਰ ਆ ਗਿਆ। ਉਸਦੇ ਡੇਲੇ (ਅੱਖਾਂ) ਬਾਹਰ ਨੂੰ ਆਉਣ ਲੱਗੇ। ਭਲਵਾਨ ਨੇ ਹਾਰ ਮੰਨ ਲਈ ਤੇ ਸ਼ਾਮ ਤੱਕ ਪਿੰਡ ਛੱਡ ਗਿਆ। 2X2=4

## ਵਾਰਤਕ ਵਿੱਚੋਂ (ਪ੍ਰਸ਼ਨ ਨੰਬਰ 12 ਤੋਂ 13 ਵਿੱਚੋਂ ਕਿਸੇ ਇੱਕ ਪ੍ਰਸ਼ਨ ਦਾ ਉੱਤਰ 50 ਤੋਂ 60 ਸ਼ਬਦਾਂ ਵਿਚ ਦਿਓ):

12. 'ਮੇਰੇ ਵੱਡੇ-ਵਡੇਰੇ' ਲੇਖ ਗਿਆਂਨੀ ਗੁਰਦਿੱਤ ਸਿੰਘ ਦਾ ਲਿਖਿਆ ਹੋਇਆ ਹੈ ਜੋ ਪੰਜਾਬੀ ਸਾਹਿਤ ਦੇ ਵਾਰਤਕ ਖੇਤਰ ਵਿਚ ਆਪਣੀ ਨਿਵੇਕਲੀ ਥਾਂ ਰੱਖਦੇ ਹਨ। ਇਸ ਲੇਖ ਵਿਚ ਲੇਖਕ ਨੇ ਆਪਣੇ ਬਜ਼ੁਰਗਾਂ ਦੀ ਰਹਿਣੀ-ਬਹਿਣੀ ਤੇ ਜ਼ੋਰ ਅਜਮਾਇਸ਼ ਦੀਆਂ ਕਹਾਣੀਆਂ ਪੇਸ਼ ਕੀਤੀਆਂ ਹਨ। ਲੇਖਕ ਦੇ ਪਿੰਡ ਦੀ ਫਿਜ਼ਾ ਵਿਚ ਇਹ ਕਾਰਨਾਮੇ ਅੱਜ ਵੀ ਗੂੰਜ ਰਹੇ ਹਨ। ਸਧਾਰਣ ਮਦਾਰੀਆਂ ਦੇ ਅਸਧਾਰਣ ਕਰਤਬਾਂ ਉੱਪਰ ਸਹਿਜੇ ਹੀ ਵਿਸ਼ਵਾਸ ਕੀਤਾ ਜਾ ਸਕਦਾ ਹੈ। ਇਹ ਇਸ ਲੇਖ ਦੀ ਸ਼ੈਲੀ ਦੀ ਵਿਸ਼ੇਸ਼ਤਾ ਹੈ। ਭਾਸ਼ਾ ਸੱਪਸ਼ਟ ਤੇ ਠੇਠ ਹੈ। ਪਾਠਕ ਦੀ ਰੋਚਕਤਾ ਭੰਗ ਨਹੀਂ ਹੁੰਦੀ।

13. 'ਪ੍ਰਾਰਥਨਾ' ਲੇਖ ਡਾ. ਬਲਬੀਰ ਸਿੰਘ ਦੀ ਰਚਨਾ ਹੈ। ਇਸ ਵਿਚ ਉਹ ਪ੍ਰਾਰਥਨਾ ਦੀ ਮਨੁੱਖੀ ਜੀਵਨ ਵਿਚ ਲੋੜ ਨੂੰ ਦਰਸਾਉਂਦੇ ਹਨ। ਔਖੇ ਵੇਲੇ ਪ੍ਰਾਰਥਨਾ ਸੁੱਖ ਦਾ ਸਾਧਨ ਹੈ। ਸਿੱਖ ਦੀ ਪ੍ਰਾਰਥਨਾ ਦਾ ਵਿਸ਼ੇਸ਼ ਮਹੱਤਵ ਹੈ। ਇਹ ਇਕ ਫਰਜ਼ ਹੈ। ਇਹ ਨਿੱਜ ਤੋਂ ਉਤਾਂਹ ਉਠ ਕੇ ਸਰਬਤ ਦੇ ਭਲੇ ਲਈ ਹੈ, ਚੜ੍ਹਦੀਕਲਾ ਦਾ ਵਸੀਲਾ ਹੈ। ਮਹਾਰਾਜਾ ਰਣਜੀਤ ਸਿੰਘ ਦੇ ਕਿਲੇ ਵਿਚ ਕੈਦੀ ਦੀ ਜ਼ਿੰਦਗੀ ਦੇ ਚਰਿੱਤਰ ਨੂੰ ਬਦਲ ਕੇ ਰੱਖ ਦਿੰਦੀ ਹੈ। ਪ੍ਰਾਰਥਨਾ ਮਨ ਲਈ ਸ਼ਾਂਤੀ ਦਾਇਕ ਹੈ ਅਤੇ ਪਰਮਾਤਮਾ ਪ੍ਰਾਪਤੀ ਦਾ ਮਾਰਗ ਹੈ। 4X1=4

## ਇਕਾਂਗੀ ਵਿੱਚੋਂ:

### (ਪ੍ਰਸ਼ਨ ਨੰਬਰ 14 ਤੋਂ 15 ਵਿੱਚੋਂ ਕਿਸੇ ਇੱਕ ਪ੍ਰਸ਼ਨ ਦਾ ਉੱਤਰ 50 ਤੋਂ 60 ਸ਼ਬਦਾਂ ਵਿਚ ਦਿਓ)

14. ਪ੍ਰਿੰਸੀਪਲ ਸੰਤ ਸਿੰਘ ਦੇ ਇਕਾਂਗੀ 'ਦੂਜਾ ਵਿਆਹ' ਵਿਸ਼ਾ ਸਮੱਸਿਆ ਨੂੰਹ-ਸੱਸ ਦੇ ਸਮਾਜਿਕ ਰਿਸ਼ਤੇ ਵਿਚਲੇ ਝਗੜੇ ਅਤੇ ਉਲਝਨਾ ਨੂੰ ਪ੍ਰਗਟ ਕਰਦਾ ਹੈ। ਇਕਾਂਗੀਕਾਰ ਭਾਵੇਂ ਸੱਸ ਨੂੰ ਦੋਸ਼ੀ ਸਮਝਦਾ ਹੈ ਪਰ ਨਾਲ ਹੀ ਇਹ ਵੀ ਦੱਸਣਾ ਚਾਹੁੰਦਾ ਹੈ ਕਿ ਜੇ ਨੂੰਹ ਸੂਝ-ਬੂਝ ਨਾਲ ਕੰਮ ਲਏ ਤਾਂ ਘਰ ਦਾ ਮਾਹੌਲ ਸੁਖਾਵਾਂ ਹੋ ਸਕਦਾ ਹੈ। ਮਨਜੀਤ ਇਹ ਹੀ ਭੂਮਿਕਾ ਨਿਭਾਉਂਦੀ ਹੈ। ਇਸ ਇਕਾਂਗੀ ਵਿਚ ਦੂਜੇ ਵਿਆਹ ਦੇ ਸਮੱਸਿਆਂ ਨੂੰ ਪ੍ਰਗਟਾਉਂਦੇ ਹੋਏ ਨਵੀਂ ਤੇ ਪੁਰਾਣੀ ਪੀੜ੍ਹੀ ਦੇ ਖ਼ਿਆਲਾਂ ਨੂੰ ਪ੍ਰਸਤੁਤ ਕੀਤਾ ਗਿਆ ਹੈ ਅੰਤ ਵਿਚ ਸੱਸ ਨੂੰ ਆਪਣੀ ਗਲਤੀ ਦਾ ਅਹਿਸਾਸ ਵੀ ਹੁੰਦਾ ਹੈ।

15. ਨਿਹਾਲ ਕੌਰ ਮਨਜੀਤ ਨੂੰ ਸੁਖਦੇਵ ਦੇ ਦੂਜੇ ਵਿਆਹ ਦੀਆਂ ਧਮਕੀਆਂ ਇਸ ਦਿੰਦੀ ਹੈ, ਕਿਉਂਕਿ ਮਨਜੀਤ ਦੇ ਵਿਆਹ ਨੂੰ ਢਾਈ ਸਾਲ ਹੋ ਚੁਕੇ ਹਨ ਪਰ ਉਸਦੇ ਘਰ ਕੋਈ ਬੱਚਾ ਨਹੀਂ। ਨਿਹਾਲ ਕੌਰ ਮਨਜੀਤ ਦੇ ਕੰਮਾਂ ਵਿਚ ਦੋਸ਼ ਕੱਢਕੇ ਸੁਖਦੇਵ ਦੇ ਦੂਜੇ ਵਿਆਹ ਦਾ ਡਰ ਦਿੰਦੀ ਰਹਿੰਦੀ ਹੈ। ਉਸਨੂੰ ਵੀ ਸਾਰੀ ਉਮਰ ਬਾਪੂ ਵੱਲੋਂ ਦੂਜਾ ਵਿਆਹ ਕਰਵਾ ਲੈਣ ਦੀਆਂ ਧਮਕੀਆਂ ਮਿਲਦੀਆਂ ਰਹੀਆਂ। ਅੰਤ ਵਿਚ ਗੁਰਦਿੱਤ ਸਿੰਘ ਨੇ ਦੂਜਾ ਵਿਆਹ ਕਰਵਾ ਲਿਆ। ਨਿਹਾਲ ਕੌਰ ਸਮਝਦੀ ਹੈ ਕਿ ਔਰਤ ਨੂੰ ਕਾਬੂ ਵਿਚ ਰੱਖਣ ਲਈ ਦੂਜੇ ਵਿਆਹ ਦਾ ਡਰਾਵਾ ਜ਼ਰੂਰੀ ਹੈ। 4X1=4